IJCRT.ORG ISSN : 2320-2882

INTERNATIONAL JOURNAL OF CREATIVE RESEARCH THOUGHTS (IJCRT)

An International Open Access, Peer-reviewed, Refereed Journal

# ਅਜਮੇਰ ਸਿੰਘ ਔਲਖ ਦੇ ਨਾਟਕ 'ਸੱਤ ਬੇਗ਼ਾਨੇ' ਦਾ ਸੱਮਕਾਲੀ ਜੀਵਨ ਵਿੱਚ ਮਹੱਤਵ

ਅਨੁਰਾਧਾ ਕਸਵਾਂ ਡਾ. ਬੀ. ਆਰ. ਅੰਬੇਡਕਰ ਸਰਕਾਰੀ ਕਾਲਜ ਪਿੰਡ ਡੱਬਵਾਲੀ ਜਿਲ੍ਹਾ ਸਿਰਸਾ

**abstract :** ਅਜਮੇਰ ਸਿੰਘ ਔਲਖ ਨੇ ਆਪਣੇ ਹਰ ਇਕ ਨਾਟਕ ਵਿੱਚ ਕਿਸਾਨਾਂ, ਮਜਦੂਰਾਂ, ਔਰਤਾਂ ਤੇ ਜਾਗੀਰਦਾਰੀ ਫਿਰਕੂ ਦੇ ਲੋਕਾਂ ਦੀ ਸੱਚਾਈ ਪੇਸ਼ ਕੀਤੀ ਹੈਂ। ਔਲਖ ਆਪਣੀ ਇਸ਼ ਬਿਰਤੀ ਕਾਰਣ ਪੰਜਾਬੀ ਨਾਟਕ ਦੇ ਤੀਜੇ ਦੌਰ ਵਿੱਚ ਮਹੱਤਵਪੂਰਨ ਸਥਾਨ ਰੱਖਦਾ ਹੈਂ। ਭਾਰਤੀ ਪੰਜਾਬੀ ਸੱਭਿਆਚਾਰ ਵਿੱਚ ਹਰ ਗੱਲ ਗਾਲ੍ਹਾਂ ਨਾਲ਼ ਕਹਿਣ ਦੀ ਬਿਰਤੀ ਹੈਂ ਜਿਸਨੂੰ ਔਲਖ ਪੇਂਡੂ ਜੰਮਪਲ ਹੋਣ ਕਾਰਣ ਭਲੀ-ਭਾਂਤ ਸਮਝਦਾ ਹੈਂ ਅਤੇ ਇਸੇ ਲਈ ਉਸਨ੍ਹੇ ਆਪਣੇ ਨਾਟਕਾਂ ਵਿੱਚ ਗਾਲ਼ਾਂ ਪਾਤਰਾਂ ਦੇ ਮੂੰਹੋਂ ਅਖਵਾ ਕੇ ਉਹ ਰੰਗਤ ਦਿੱਤੀ ਹੈਂ ਜ਼ੋ ਪਾਠਕਾਂ ਨੂੰ ਨਾਟਕ ਦੇ ਨਾਲ਼ ਸਾਂਝ ਪਾਉਣ ਵਿੱਚ ਮੱਦਦ ਕਰਦੀ ਹੈਂ ਹਾਲਾਂਕਿ ਗਾਲ੍ਹਾਂ ਨਾਲ਼ ਔਰਤ ਨੂੰ ਨੀਵੇਂ ਦਰਜੇ ਦੀ ਪਦਵੀਂ ਦਿੱਤੀ ਜਾਂਦੀ ਹੈਂ ਜ਼ੋ ਕਿਸੇ ਹਿੱਲੇ ਵੀ ਸਹੀ ਨਹੀਂ ਕਿਹਾ ਜਾਂ ਸਕਦਾ, ਪਰ ਇਹ ਮਾਨਸਿਕਤਾ ਬਦਲਣ ਵਿੱਚ ਸਮੇਂ ਲਗਣਾ। ਇਸੇ ਲਈ ਜਦੋਂ ਅਸੀਂ ਉਨ੍ਹਾਂ (ਔਲਖ)ਦੇ ਨਾਟਕ ਪੜਦੇ ਜਾਂ ਵੇਖਦੇ ਆਂ ਤਾਂ ਆਪਮੁਹਾਰੇ ਇਹ ਗੱਲ ਦਿਮਾਗ ਵਿੱਚ ਜਾਂਦੀ ਕੀ ਕਿ ਗਾਲ੍ਹਾਂ ਤੋਂ ਬਿਨ੍ਹਾਂ ਬੰਦਾ ਗੱਲ ਨਹੀਂ ਕਰ ਸਕਦਾ?ਤੇ ਪਾਠਕ ਆਪਣੀ ਨਿੱਜੀ ਜਿੰਦਗੀ ਵਿੱਚ ਚੰਗੀ ਵਾਰਤਾਲਾਪ ਕਰਣ ਵੱਲ ਪ੍ਰੇਰਿਤ ਹੁੰਦਾ ਹੈਂ।

**Keywords :** ਅਜਮੇਰ ਸਿੰਘ ਔਲਖ, ਸੱਮਕਾਲੀ, ਕਿਸਾਨ, ਵਿਆਹ, ਔਰਤ, ਸਰਲ਼ ਭਾਸ਼ਾ।

**Introduction :** ਅਜਮੇਰ ਸਿੰਘ ਔਲਖ ਦਾ ਜਨਮ 19 ਅਗਸਤ 1943 ਨੂੰ ਹੋਇਆ। ਔਲਖ ਇਕ ਪ੍ਰਗਤੀਵਾਦੀ ਵਿਚਾਰਧਾਰਾ ਦਾ ਨਾਟਕਕਾਰ ਸੀ। ਔਲਖ ਦੇ ਨਾਟਕਾਂ ਵਿੱਚ ਮਾਲਵੇ ਦਾ ਸਥਾਨਕ ਰੰਗ ਵੇਖਣ ਨੂੰ ਮਿਲਦਾ ਹੈਂ ਉਨ੍ਹਾਂ ਨੇ ਜਿਨ੍ਹੇ ਵੀਂ ਨਾਟਕ ਲਿਖੇ ਸਭ ਦੀ ਭਾਸ਼ਾ ਤੇ ਕਹਾਣੀ ਬੜੀ ਸਰਲ਼ ਰੱਖੀ, ਪਰ ਵਿਸ਼ੇ ਬਹੁਤ ਭਾਰੀ ਚੁੱਕੇ ਜਿਹੜੇ ਅੱਜ ਦੇ ਸੱਮਕਾਲੀ ਹਾਲਾਤਾਂ ਵਿੱਚ ਵੀਂ ਲਾਗੂ ਹੁੰਦੇ ਹੈਂ ਭਾਵੇਂ ਕਿ ਇਹ ਲਿਖੇ ਗਏ ਨਾਟਕ 2015ਤੋਂ ਪਹਿਲਾਂ ਦੇ ਹੈਂ ਪਰ ਸਮੱਸਿਆਵਾਂ ਅੱਜ ਵੀਂ ਕਿਸਾਨਾਂ ਦੀਆਂ, ਰਾਜਨੀਤੀ ਦੀਆਂ, ਔਰਤਾਂ ਦੀਆਂ ਉਹੀ ਹੈਂ!

ਅੱਜ ਦੇ ਸਾਡੇ ਖੋਜ ਪੱਤਰ ਦਾ ਵਿਸ਼ਾ ਨਾਟਕ 'ਸੱਤ ਬੇਗ਼ਾਨੇ' ਹੈਂ ਜਿਨ੍ਹਾਂ ਦਾ ਵਿਸ਼ਾ ਅੱਜ ਦੇ ਸੱਮਕਾਲੀ ਜੀਵਨ ਵਿੱਚ ਵੀਂ ਕਿਵੇਂ ਮਹੱਤਵ ਰੱਖਦੇ ਹੈਂ?ਵਿਚਾਰ ਕਰਾਂਗੇ ਕਿ ਔਲਖ ਦੇ ਨਾਟਕ ਅੱਜ ਦੇ ਹਾਲਾਤਾਂ ਨਾਲ਼ ਕਿਵੇਂ ਸੰਵਾਦ ਰਚਾਉਂਦੇ ਹਨ।

ਸੱਤ ਬੇਗ਼ਾਨੇ' ਨਾਟਕ ਅਜਮੇਰ ਸਿੰਘ ਔਲਖ ਦਾ ਉਹ ਪ੍ਰਸਿੱਧ ਨਾਟਕ ਹੈਂ ਜਿਸ ਵਿੱਚ ਉਨ੍ਹਾਂ ਨੇ ਸੰਗੀਤਮਕਤਾ ਨਾਲ਼ ਗੰਭੀਰ ਵਿਸ਼ੇਆਂ ਨੂੰ ਮੰਚਨ ਕੀਤਾ ਹੈਂ। ਇਸ ਨਾਟਕ ਵਿੱਚ ਇਕ ਜੱਟ ਕਿਸਾਨ ਬਚਨਾ ਪਿੰਡ ਦੀ ਛਿਉਰੀ ਕੁੜੀ ਨੂੰ ਪ੍ਰੇਮ ਵਿਆਹ ਕਰਕੇ ਅਪਣੇ ਘਰੇ ਵਸਾ ਲੈਂਦਾ ਹੈਂ ਜਦੋਂ ਕਿ ਅੱਜ ਵੀਂ ਅਪਣਾ ਸਮਾਜ ਇਸ ਨੂੰ ਸ਼ਵੀਕਾਰ ਨਹੀਂ ਕਰਦਾ ਕਿ ਪਿੰਡ ਦੀ ਕੁੜੀ ਪਿੰਡ ਦੀ ਹੀਂ ਨੂੰਹ ਬਣੇ ਤੇ ਪ੍ਰੇਮ ਵਿਆਹ ਤਾਂ ਸਦਾ ਹੀਂ ਸਮਾਜ ਦਾ ਨਿਸ਼ਾਨਾਂ ਬਣਿਆ ਰਿਹਾ ਹੈਂ। ਤੇ ਜਦੋਂ ਸਾਰੇ ਪਿੰਡ ਦੀ ਨਿਖੇਦੀ ਕਰਕੇ ਬਚਨਾ ਜੈਕੁਰ ਨੂੰ ਵਿਆਹ ਕੇ ਅਪਣੇ ਘਰੇ ਵਸਾ ਲੈਂਦਾ ਹੈਂ ਤਾਂ ਉਨ੍ਹਾਂ ਦੇ ਚਾਰ (4)ਪੁੱਤਰ ਹੁੰਦੇ ਹੈਂ, ਅਸਲ ਸਮੱਸਿਆ ਹੁਣ ਵਾਪਰਦੀ ਹੈਂ ਜਦੋਂ ਉਨ੍ਹਾਂ ਦੀ ਮਾਂ ਜੈਕੁਰ ਛਿਉਰੀ ਹੋਣ ਕਰਕੇ ਕੋਈ ਵੀ ਉਨ੍ਹਾਂ ਨੂੰ ਆਪਣੀ ਕੁੜੀ ਵਿਆਹੁਣ ਤੋਂ ਗੁਰੇਜ਼ ਹੀਂ ਕਰਦਾ ਹੈਂ ਤੇ ਦੂਜਾ ਮਸਲਾ ਘੱਟ ਜਮੀਨਾਂ ਕਾਰਣ ਜੱਟਾਂ ਦੇ ਇਹ ਚਾਰੋ ਮੁੰਡੇ ਕੁਆਰੇ ਰਹੀ ਜਾਂਦੇ ਹੈਂ ਇਸ਼ ਤੋਂ ਪਹਿਲਾਂ ਜੈਕੂਰ ਆਪਣੇ ਦਿਓਰ ਭੰਗਾ ਨਾਲ਼ ਨਾਜ਼ਾਇਜ ਸੰਬੰਧ ਸਥਾਪਿਤ ਕਰ ਲੈਂਦੀ ਹੈਂ ਤਾਂ ਜ਼ੋ ਉਹ ਕਿਸੇ ਨੂੰ ਵਿਆਹ ਨਾ ਲਿਆਵੇ ਤੇ ਜਮੀਨ ਨਾ ਵੰਡੇ ਤੇ ਉਸਦੇ ਚਾਰੋ ਪੁੱਤਰ ਵਿਆਹੇ ਜਾਣ ਪਰ ਨਾਟਕ ਦੇ ਅਖੀਰ ਵਿੱਚ ਭੰਗਾ ਆਪਣੇ ਭਤੀਜੇ ਨਾਹਰੀ ਦੀ ਮੰਗ ਵਿਆਹ ਲਿਆਉਦਾ ਹੈਂ।

ਜੈਕੁਰ : ਕਿ ਕਮਲ ਘੋਟਦੈ! ਭਤੀਜੇ ਦੀ ਮੰਗ ਚਾਚੇ ਨੇ ਵਿਆਹ-ਲੀ!ਅੱਹੀ -ਜੀ ਗੱਲ ਕਰਦੇ ਨੂੰ ਤੈਨੂੰ ਸੰਗ ਤਾਂ ਨੀ ਆਉਦੀ!

ਬਚਨਾ: ਲੈ ਸੰਗ ਕਾਹਦੀ? ਭੰਗੇ ਕੋਲ ਤੇਰੇ ਪੁੱਤਾਂ ਨਾਲੋਂ ਜਿਆਦੈ ਜਮੀਨ ਸੀ, ਪੈਸੇ ਸੀ, ਉਹ ਉਤੋਂ ਦੀ ਪੈ ਗਿਆ ਤੇ.....

ਇਸ ਤਰ੍ਹਾਂ ਘੱਟ ਜਮੀਨਾਂ ਕਾਰਣ ਜੱਟਾਂ ਦੇ ਮੁੰਡੇ ਅੱਜ ਵੀ ਕੁਆਰੇ ਰਹਿ ਜਾਂਦੇ ਹੈਂ ਤੇ ਵੱਧ ਜਮੀਨਾਂ ਦੇ ਮਾਲਕਾਂ ਦੇ ਮੁੰਡੇ ਭਾਵੇਂ ਦੂਜੀ ਵਾਰ ਵੀ ਵਿਆਹ ਕਰਵਾਉਣ ਤਾਂ ਵੀ ਉਨ੍ਹਾਂ ਨੂੰ ਕੁੜੀਆਂ ਦੀ ਘਾਟ ਨਹੀਂ!

ਇਸ ਤਰ੍ਹਾਂ ਆਖ਼ਿਰ ਵਿੱਚ ਇਹ ਪਰਿਵਾਰ ਖੇਹ -ਖੇਰੂ ਹੋ ਜਾਂਦਾ ਹੈਂ ਇਸ ਨਾਟਕ ਵਿੱਚ ਇਕ ਥਾਂ ਔਲਖ ਨੇ ਜੈਕੁਰ ਦੇ ਮੂੰਹੋਂ ਜ਼ੋ ਗੱਲ ਅਖਵਾਈ ਹੈਂ ਉਹ ਆਪਣੇ -ਆਪ ਵਿੱਚ ਸਮਾਜ ਦੇ ਲੋਕਾਂ ਦਾ ਨੰਗਾ ਸੱਚ ਪੇਸ਼ ਕਰਦੀ ਹੈਂ।

ਜੈਕੁਰ: (ਹੜਕ ਮਹਿਸੂਸ ਕਰਕੇ ਤਿੜਕਦੀ ) ਕੁੜੇ ਤੀਹ ਸਾਲ ਹੋ-ਗੇ ਮੈਨੂੰ ਜੱਟ ਦੇ ਘਰ ਵਸਦੀ ਨੂੰ, ਅਜੇ ਮੈਂ ਛੀਉਰੀ ਰਹਿ-ਗੀ? ਹੈਥੇ ਕੰਜਰ ਜੱਟਾਂ ਦੇ ਮੁੰਡੇ ਨਿੱਤ ਖੇਤੀ -ਬੰਨੀ ਚੂਹੜੀਆਂ -ਚਮੀਆਰਿਆਂ ਨਾਲ਼ ਸੌਂ ਖਾਂਦੇ ਐ, ਉਦੋਂ ਪਤਾ ਨੀ ਕਿਥੇ ਜਾਂਦੀਐ ਇਨ੍ਹਾਂ ਦੀਆਂ ਜਾਤਾਂ! ਮੈਂ ਚਰੀਆਂ ਕਪਾਹਾਂ'ਚ ਕੰਜਰਖਾਨਾ ਕਰਨ ਦੀ ਥਾਂ ਸਿੱਧੀ ਜੱਟ ਦੇ ਘਰ ਆ ਵਸੀ, ਤਾਂ ਇਨ੍ਹਾਂ ਕੰਜਰਾਂ ਦੇ ਖਾਨਦਾਨ ਭ੍ਰਿਸ਼ਟਣ ਲਗ-ਪੇ!

ਇਸ ਤਰ੍ਹਾਂ ਇਕ ਕੁੜੀ ਲਈ ਸਮਾਜ ਵਿੱਚ ਨਵੇਂ ਨਿਯਮ ਨਿੱਤ ਬਣਦੇ ਹੈਂ ਪਰ ਇਹੀ ਨਿਯਮ ਮਰਦ ਲਈ ਬਦਲ ਜਾਂਦੇ ਹੈਂ। ਜਾਤ -ਪਾਤ, ਉੱਚ -ਨਿੱਚ ਸਭ ਔਰਤਾਂ ਲਈ ਬਣੇ ਹੁੰਦੇ ਹੈਂ। ਔਰਤ ਨੂੰ ਕੋਈ ਸਮਾਨ ਵਾਂਗ ਇਸਤੇਮਾਲ ਕੀਤਾ ਜਾਂਦਾ ਹੈਂ ਉਸ ਦਾ ਮੁੱਲ ਕੀਤਾ ਜਾਂਦਾ ਹੈਂ!ਪੈਸੇਆਂ ਬਦਲੇ ਔਰਤ ਨੂੰ ਵਿਆਹ ਕੇ ਲਿਆਇਆ ਜਾਂਦਾ ਹੈਂ ਅੱਜ ਦੇ ਪੜੇ -ਲਿਖੇ ਸਮਾਜ ਵਿੱਚ ਵੀ ਇਹ ਹੋ ਰਿਹਾ ਹੈਂ ਜ਼ੋ ਕਿ ਇਹ ਨਾਟਕ ਵੀ ਪੇਸ਼ ਕਰਦਾ ਹੈਂ ਜਿਵੇਂ :-
ਬਲਵੰਤ : ਕੁੜੀ ਤਾਂ ਭਰ ਜੁਆਨ ਐ, ਸੋਲਾਂ ਸਤਾਰਾਂ ਸਾਲ ਦੀ।

ਜੈਕੁਰ : ਫੇਰ ਹਜ਼ਾਰ -ਬਾਰਾਂ ਸੋ ਪਿਛੇ ਕੀ ਦੇਖਣੈ? ਮੇਰੀ ਮੰਨੋ ਤਾਂ ਹਾਂ ਕਹਿ ਦਿਓ!

ਘੋਗਾ : ਉਹਦੇ ਕੀ ਕੰਨ ਭਲੂ। ਉਹਨੇ ਮੇਲੇ ਛਾਲੇ ਨੇ ਪੰਜ ਹਜ਼ਾਰ'ਚ ਕੀਤੈ ਛੋਦਾ। ਉਹ ਮੇਲੀ ਕਿਉਂ ਮੰਨੂੰ।

ਚੰਦੂ : ਮੰਨੂੰ ਤੇਰੀ ਮਾਂ ਦੇ ਫੇਰਿਆਂ ਨੂੰ ਨੀਂ। ਮੰਨੂੰ ਕਿਵੇਂ ਨੀਂ। ਉਇ ਜਿਹੜਾ ਬੰਦਾ ਧੀਆਂ ਦੇ ਪੈਸੇ ਲੈਂਦੇ ਉਹ ਤਾਂ ਉਥੇ -ਈ ਤੋਰੂ ਜਿਥੇ ਚਾਰ ਛਿਲੜ ਵੱਧ ਮਿਲਣਗੇ? ਤੂੰ ਉਹਨੂੰ ਕਹਿ, 'ਕਿਉ ਝਉਰਾਂ ਦੇ ਕੁੜੀ ਦੇ ਕੇ ਬਦਨਾਮੀ ਪੱਲੇ ਬੰਨ੍ਹਦੈ, ਤੈਨੂੰ ਪੈਸੇ ਚਾਹੀਦੇ ਐ, ਚੱਲ ਮੈਂ ਦੋ ਹਜ਼ਾਰ ਵੱਧ ਦਵਾਉਨੈ, ਤੂੰ ਕਿਸੇ ਇੱਜ਼ਤਦਾਰ ਨੂੰ ਸਾਕ ਕਰ।''

ਇਕ ਔਰਤ ਬਿਨ੍ਹਾਂ ਘਰ -ਘਰ ਨਹੀਂ ਹੁੰਦਾ ਬਲਕਿ ਇੰਜ ਜਾਪਦਾ ਹੈ ਜਿਵੇਂ 'ਤੂੜੀ ਵਾਲਾ ਕੋਠਾ' ਹੋਵੇ ਇਹ ਗੱਲ ਔਲਖ ਨੇ ਆਪਣੀ ਇਸ ਨਾਂ ਹੇਠ ਛਪੀ ਇਕਾਂਗੀ ਵਿਚ ਵੀ ਦੱਸੀ ਹੈ ਤੇ ਮਰਦਾਂ ਦੇ ਘਰਦੇ ਕੰਮ ਕਰਣ ਵੇਲੇ ਕਿਵੇਂ ਆਪਸੀ ਝਗੜੇ ਹੁੰਦੇ ਹੈ ਉਹ ਆਪਸ ਵਿਚ ਕਟਾਖ਼ਸ ਕਰਦੇ ਹੈ ਮੱਧ -ਵਰਗੀ ਕਿਸਾਨ ਦੇ ਘਰੇ ਪੈਦਾ ਹੋਣਾ, ਘੱਟ ਜਮੀਨ ਵਾਲੇ ਦੇ ਘਰੇ ਪੈਦਾ ਹੋਣਾ ਸ਼ਰਾਪ ਵਾਂਗ ਜਾਪਦਾ ਹੈਂ। ਅੱਜ ਵੀ ਪੇਂਡੂ ਲੋਕਾਂ ਵਿੱਚ ਜਾਕੇ ਜੇ ਵਿਚਰਣਾ ਪਵੇ ਤਾਂ ਇਹ ਗੱਲ ਸ਼ਹਿਜੇ ਹੀਂ ਸੱਪਸ਼ਟ ਜਾਪਣ ਲੱਗ ਜਾਵੇਗੀ ਜੋ ਕਿ ਇਸ ਵਾਰਤਾਲਾਪ ਵਿੱਚ ਵੀ ਹੈਂ

ਬਚਨਾ :(ਆਕੀ ਹੋਇਆ ) ਮੈਥੋਂ ਨੀ ਥੋਡੀਆਂ ਦੌੜਾ ਲਹਿੰਦਿਆਂ!

ਧਰਮਾਂ : ਹੋਰ ਘੁੰਡ -ਆਲੀ ਲਾਹੂ? ਲਹਿੰਦਿਆਂ ਨੀ ਇਹ ਤੋਂ ਵੱਡੇ ਨਗੌਰੀ ਤੋਂ (ਘੜੇ ਵਿੱਚੋਂ ਪਾਣੀ ਪੀਣ ਜਾਂਦਾ ਹੈਂ )

ਬਚਨਾ :ਉਇ ਕੰਜਰ ਦੇਓ ਕੰਜਰੋ। ਹੁਣ ਮਰਣ ਵੇਲੇ ਤਾਂ ਬਹਿ ਜਾਣ ਦੇਓ ਦੋ ਦਿਨ ਮੰਜੇ' ਤੇ ਰਾਮ ਨਾਲ਼।

ਧਰਮਾਂ :ਰਾਮ ਨਾਲ਼ ਬੈਠਣਾ ਸੀ ਤਾਂ ਰੱਬ ਤੋਂ ਚੰਗੇ ਕਰਮ ਲਿਖਿਆ ਕੇ ਲਿਆਉਂਦਾ। ਆਖਦਾ ਉਹਨੂੰ ਕਿਸੇ ਜੈਦਾਤ ਆਲੇ ਬਿਸਵੇਦਾਰ ਦੇ ਘਲਦਾ। ਕਿਸਾਨ ਆਪਦੀ ਜ਼ਮੀਨ ਦਾ ਮਾਲਕ ਹੁੰਦਾ ਹੈਂ ਭਾਵੇਂ ਉਸਦੇ ਇਕ ਕਿਲ੍ਹਾ ਹੋਵੇ ਭਾਵੇਂ ਦੋ ਜਾਂ ਭਾਵੇਂ ਦੱਸ ਹੋਵੇ। ਉਤੋਂ ਜੱਟ ਦੀ ਜ਼ਮੀਨ ਹੀਂ ਪੈਦਾਵਾਰ ਦਾ ਖਰਚਾਂ -ਪਾਣੀ ਖਾਂ ਜਾਂਦੀ ਹੈਂ ਤੇ ਘਰਦੇ ਖ਼ਰਚੇ ਮਿਲਾ ਕੇ ਪਿੱਛੇ ਕੁਝ ਨੀ ਬਚਦਾ ਉਹ ਜੱਟ 'ਨਾ ਗਧਾ ਨਾ ਘੋੜਾ' ਭਾਵ ਕਿਸੇ ਦੇ ਸੀਰੀ ਰੱਲਣਾ ਵੀ ਬਹੁਤ ਔਖਾ ਹੁੰਦਾ ਹੈਂ ਜ਼ੇ ਉਹ ਅਜਿਹਾ ਕਰ ਲਵੇ ਤਾਂ ਤਾਨੇ -ਮਿਣੇ ਨਾਲ਼ ਉਸਦੀ ਜਿੰਦਗੀ ਭਰ ਦਿੱਤੀ ਜਾਂਦੀ ਹੈਂ ਜਿਵੇਂ :-

ਧਰਮਾਂ : ਚੰਗਾ!ਚੰਗਾ!ਕਮਲ ਨਾ ਮਾਰ!ਲਾਹ ਲੈ,ਜਿਹੜੀਆਂ ਲਹਿਦੀਆਂ (ਮੰਜੇ ਵੱਲ ਆਉਂਦਾ )ਬਾਹਰੋ ਕਰਮਾਂ ਆਉ ਮਿੱਟੀ ਨਾਲ ਮਿੱਟੀ ਹੋਇਆ!

ਬਚਨਾ : (ਤਿੜਕ ਕੇ )ਮਿੱਟੀ ਨਾਲ ਮਿੱਟੀ ਮੇਰੀ ਖਾਤਰ ਹੁੰਦੇ! (ਮਿਹਣੇ ਵਜੋਂ ) ਉਹਨੂੰ ਸੰਗ ਨਾ ਆਈ ਸੀਰੀ ਰਲਦੇ ਨੂੰ!

ਧਰਮਾਂ : ਸੀਰੀ ਚਾਉ ਨੂੰ ਰਲਿਐ? ਜੇ ਕਰਮਾਂ ਨੇ ਪੁੱਠੀ ਭੁਆਲੀ ਦਿੱਤੀ ਤਾਂ ਰਲਿਐ ਸੀਰੀ! ਐ ਕਿ ਪਤਾ ਸੀ ਬਈ ਮੁਕੱਦਮਾ ਆ ਪਊ, ਘਰ ਦਾ ਬਾਰ ਦੂਜੇ ਪਾਸੇ ਹੋ -ਜੂ!

ਇਸ ਤਰ੍ਹਾਂ ਅਜਮੇਰ ਸਿੰਘ ਔਲਖ ਨੇ ਆਪਣੇ ਹਰ ਇਕ ਨਾਟਕ ਵਿੱਚ ਕਿਸਾਨਾਂ, ਮਜਦੂਰਾਂ, ਔਰਤਾਂ ਤੇ ਜਾਗੀਰਦਾਰੀ ਫਿਰਕੂ ਦੇ ਲੋਕਾਂ ਦੀ ਸੱਚਾਈ ਪੇਸ਼ ਕੀਤੀ ਹੈਂ ਔਲਖ ਆਪਣੀ ਇਸੀ ਬਿਰਤੀ ਕਾਰਣ ਪੰਜਾਬੀ ਨਾਟਕ ਦੇ ਤੀਜੇ ਦੌਰ ਵਿੱਚ ਮਹੱਤਵਪੂਰਨ ਸਥਾਨ ਰੱਖਦਾ ਹੈਂ। ਭਾਰਤੀ ਪੰਜਾਬੀ ਸਭਿਆਚਾਰ ਵਿੱਚ ਹਰ ਗੱਲ ਗਾਲ੍ਹਾਂ ਨਾਲ ਕਹਿਣ ਦੀ ਬਿਰਤੀ ਹੈਂ ਜਿਸਨੂੰ ਔਲਖ ਪੇਂਡੂ ਜੰਮਪਲ ਹੋਣ ਕਾਰਣ ਭਲੀ -ਭਾਂਤ ਸਮਝਦਾ ਹੈਂ ਅਤੇ ਇਸੇ ਲਈ ਉਸਨੇ ਆਪਣੇ ਨਾਟਕਾਂ ਵਿੱਚ ਗਾਲ੍ਹਾਂ ਪਾਤਰਾਂ ਦੇ ਮੂੰਹੋਂ ਅਖਵਾ ਕੇ ਉਹ ਰੰਗਤ ਦਿੱਤੀ ਹੈਂ ਜੋ ਕਿ ਪਾਠਕਾਂ ਨੂੰ ਨਾਟਕ ਦੇ ਨਾਲ ਸਾਂਝ ਪਾਉਣ ਵਿੱਚ ਮੱਦਦ ਕਰਦੀ ਹੈਂ ਹਾਲਾਂਕਿ ਗਾਲ੍ਹਾਂ ਨਾਲ ਔਰਤ ਨੂੰ ਨੀਵੇਂ ਦਰਜੇ ਦੀ ਪਦਵੀਂ ਦਿੱਤੀ ਜਾਂਦੀ ਹੈਂ ਜੋ ਕਿ ਕਿਸੇ ਹਿੱਲੇ ਵੀ ਸਹੀ ਨਹੀਂ ਕਿਹਾ ਜਾ ਸਕਦਾ, ਪਰ ਇਹ ਮਾਨਸਿਕਤਾ ਬਦਲਣ ਵਿੱਚ ਸਮੇਂ ਲੱਗਣਾ!ਇਸੇ ਲਈ ਜਦੋਂ ਅਸੀਂ ਉਨ੍ਹਾਂ ਦੇ (ਔਲਖ )ਨਾਟਕ ਪੜਦੇ ਜਾਂ ਵੇਖਦੇ ਆਂ ਤਾਂ ਆਪਮੁਹਾਰੇ ਇਹ ਗੱਲ ਦਿਮਾਗ ਵਿੱਚ ਜਾਂਦੀ ਹੈਂ ਕੀ ਕਿ ਗਾਲ੍ਹਾਂ ਤੋਂ ਬਿਨ੍ਹਾਂ ਬੰਦਾ ਗੱਲ ਨਹੀਂ ਕਰ ਸਕਦਾ? ਤੇ ਪਾਠਕ ਆਪਣੀ ਨਿੱਜੀ ਜਿੰਦਗੀ ਵਿੱਚ ਚੰਗੀ ਵਾਰਤਾਲਾਪ ਕਰਣ ਵੱਲ ਪ੍ਰੇਰਿਤ ਹੁੰਦਾ ਹੈਂ। ਇਸ ਨਾਟਕ ਵਿੱਚ ਪਾਤਰ ਚੰਦੂ ਤੇ ਘੋਗਾ ਦੋ ਅਜਿਹੇ ਪਾਤਰ ਹੈ ਜੋ ਕਿ ਆਪਾਂ ਨੂੰ ਆਪਣੇ ਆਸੇ -ਪਾਸੇ ਵੀ ਬੜੀ ਆਰਾਮ ਨਾਲ ਮਿਲ ਜਾਣਗੇ, ਜੋ ਕਿਸੇ ਦਾ ਵੀ ਹੱਸਦਾ -ਵੱਸਦਾ ਘਰ ਉਜਾੜ ਦਿੰਦੇ ਹਨ। ਜਿਵੇਂ :-

ਚੰਦੂ : ਆਪਾਂ ਤਾਂ ਇਕ ਗੱਲ ਜਾਣਦੇ ਐ ਜਗਦੇਵ ਸਿਆਂ ਬਈ ਜਿਹੜਾ ਥੋੜੇ ਇੱਕੀ ਪਾਵੇ, ਉਹਦੇ ਮੇਰੇ ਸਾਲੇ ਦੇ ਕੱਤੀ ਪਾਓ।……ਪਰ ਕਮਲਿਆ ਕੋਈ ਇਕੋ ਢੰਗ -ਈ ਤਾਂ ਨੀਂ ਹੁੰਦਾ ਬਦਲਾ ਲੈਣ ਦਾ। ਤੂੰ ਮੇਰੇ ਸਾਲਿਆਂ ਦੇ ਪਿਛਲੇ ਪਾਸਿਓਂ ਪਾ ਦਾਤੀ!

ਘੋਗਾ :ਪਿਛਲੇ ਪਾਸਿਓਂ ਕਿਮੇ ਤਾਤਾ?

ਚੰਦੂ : (ਇਧਰ -ਉਧਰ ਵੇਖਕੇ ) ਤੂੰ ਸਿੱਧਾ ਇੰਦਰ ਅਮਲੀ ਕੋਲ ਵੱਜ। ਉਹਦੇ ਭਰ ਕੰਨ…….. ਕੁਸ਼ ਆਈ ਸਮਝ!

**ਔਰਤ ਦੀ ਮਹੱਤਤਾ** :- ਸੰਸਾਰ ਵਿੱਚ ਹਰ ਜੀਵ ਦੇ ਪੂਰਕ ਦੂਜਾ ਕੋਈ ਹੈ ਤੇ ਇਵੇਂ ਹੀਂ ਔਰਤ -ਮਰਦ ਹਨ। ਜਿਸ ਘਰ ਵਿੱਚ ਔਰਤ ਨਾ ਹੋਵੇ ਉਸ ਘਰ ਨੂੰ ਘਰ ਕਿਹਾ ਹੀਂ ਨਹੀਂ ਜਾਂ ਸਕਦਾ, ਜ਼ਿੰਦਗੀ ਵਿੱਚ ਦੋਵਾਂ ਦੀ ਆਪਣੀ -ਆਪਣੀ ਮਹੱਤਤਾ ਹੈ ਇਸ ਨਾਟਕ ਵਿੱਚ ਵਿੱਚ ਵੀ ਔਰਤ ਦੀ ਮਹੱਤਤਾ ਦੱਸੀ ਗਈ ਹੈ।

ਕਰਮਾਂ :ਉਇ ਅੱਧੀ ਨਾਂਘੀ ਚਾਚਾ, ਅੱਧੀ ਇਵੇਂ -ਜੁਵੇਂ ਧੂ ਘਸੀਟ ਕੇ ਲਾ ਦਿਆਂਗੇ ਪਾਰ।

ਲੱਕੜਚੱਬ : ਨੰਘਣ ਨੂੰ ਤਾਂ ਨੰਘ -ਜੂ ਕਰਮੀਆ। ਪਰ ਤੀਵੀਂ ਬਿਨ੍ਹਾਂ ਘਰ ਭੂਤਾਂ ਦਾ ਵਾਸਾ ਹੁੰਦੈ!

**ਉਦੇਸ਼ :**-ਇਨ੍ਹਾਂ ਵਿਸੇਆਂ ਨੂੰ ਚੁਣ ਕੇ ਇਨ੍ਹਾਂ ਉੱਤੇ ਖੋਜ ਕਰਣ ਦਾ ਮੇਰਾ ਉਦੇਸ਼ ਇਨ੍ਹਾਂ ਸੀ, ਕਿ ਔਲਖ ਦੇ ਇਹ ਨਾਟਕ ਅੱਜ ਵੀ ਉਨ੍ਹਾਂ ਮਹੱਤਵ ਰੱਖਦੇ ਹੈ? ਜਿਨ੍ਹਾਂ ਉਨ੍ਹਾਂ ਦੇ ਸਮੇਂ ਵਿੱਚ ਜੋ ਹਾਲਾਤ ਬਣੇ ਤੇ ਉਨ੍ਹਾਂ ਨੇ ਆਪਣੇ ਨਾਟਕਾਂ ਵਿੱਚ ਪੇਸ਼ ਕੀਤੇ ਸੀ। ਜਿਸ ਦਾ ਜਵਾਬ ਮੈਨੂੰ ਮਿਲਿਆ ਵੀ ਸਮਾਜ ਦੇ ਹਾਲਾਤ ਅੱਜ ਵੀ ਉਹੀ ਹੈ ਜੋ ਅੱਜ ਤੋਂ ਬੀਹ ਸਾਲ ਪਹਿਲਾਂ ਸੀ, ਬਦਲੇ ਸਿਰਫ਼ ਸਾਲ ਹੈ ਹਾਲਾਤ ਨੀਂ। ਦੂਜਾ ਮੇਰਾ ਉਦੇਸ਼ ਸੀ ਇਹ ਵੇਖਣਾ ਵੀ ਉਨ੍ਹਾਂ ਨੇ ਆਪਣੇ ਨਾਟਕਾਂ ਵਿੱਚ ਕਿਹੜੇ- ਕਿਹੜੇ ਵਿਸ਼ੇ ਪੇਸ਼ ਕੀਤੇ ਹੈ ਤਾਂ ਹਰ ਉਹ ਵਿਸ਼ਾ ਜੋ ਪਿੰਡਾਂ ਦੇ ਲੋਕਾਂ ਲਈ ਸਮੱਸਿਆ ਬਣਿਆ ਹੋਇਆ ਹੈ ਉਸ ਨੂੰ ਔਲਖ ਨੇ ਨਾਟਕਾਂ ਰਾਹੀਂ ਮੱਚ ਤੇ ਪੇਸ਼ ਕੀਤਾ ਹੈ ਕਿਉਂਕਿ ਔਲਖ ਪਿੰਡਾਂ 'ਚ' ਰਿਹਾ ਇਸ ਲਈ ਬਹੁਤ ਚੰਗੀ ਤਰ੍ਹਾਂ ਉਹ ਪਿੰਡਾਂ ਦੇ ਲੋਕਾਂ ਦੀ ਗੱਲ ਨਾਟਕਾਂ ਵਿੱਚ ਕਰਦਾ ਰਿਹਾ। ਭਾਵੇਂ ਉਹ ਕਰਜ਼ੇ ਦਾ ਵਿਸ਼ਾ ਹੋਵੇ ਜਾਂ ਵਿਆਹ ਦੀ ਸਮੱਸਿਆ ਦਾ ਵਿਸ਼ਾ ਤੇ ਜਾਂ ਫਿਰ ਜਾਤ -ਪਾਤ।

**ਭਾਸ਼ਾ** :-ਔਲਖ ਨੇ ਗੀਤਾਂ ਰਾਹੀਂ ਆਪਣੇ ਨਾਟਕਾਂ ਵਿੱਚ ਜ਼ੋ ਨਵਾਂਪਣ ਪੇਸ਼ ਕੀਤਾ ਹੈ ਇਹ ਗੱਲ ਉਨ੍ਹਾਂ ਦੇ ਨਾਟਕਾਂ ਨੂੰ ਬਾਕੀਆਂ ਤੋਂ ਵੱਖਰਾਉਂਦੀ ਹੈ ਅੱਧੀ ਤੋਂ ਜਿਆਦਾ ਸਮੱਸਿਆਵਾਂ ਦਾ ਜ਼ਿਕਰ ਉਹ ਕੇਵਲ ਗੀਤਾਂ ਰਾਹੀਂ ਪੇਸ਼ ਕਰਦੇ ਹੈ। ਪਿੰਡ ਦੇ ਲੋਕ ਜਿਵੇਂ ਗੱਲਾਂ ਵਿੱਚ ਗਾਲ੍ਹਾਂ ਦਾ ਇਸਤੇਮਾਲ ਕਰਦੇ ਹੈ ਇਹੀ ਸਭ ਉਨ੍ਹਾਂ ਨੇ ਆਪਣੇ ਨਾਟਕਾਂ ਵਿੱਚ ਜਿਓ ਦਾ ਤਿਓ ਪੇਸ਼ ਕੀਤਾ ਹੈ ਜਿਸ ਨਾਲ ਉਨ੍ਹਾਂ ਦੇ ਇਨ੍ਹਾਂ ਨਾਟਕਾਂ ਨੂੰ ਕੋਈ ਆਮ ਬੰਦਾ ਵੀ ਆਪਣੇ ਪੱਧਰ ਤੇ ਖੇਲ ਸਕਦਾ ਹੈ ਬਿਨ੍ਹਾਂ ਕਿਸੇ ਔਕੜ ਦੇ ਤੇ ਬਹੁਤ ਘੱਟ ਸਮਾਨ ਨਾਲ਼ ਬਹੁਤ ਘੱਟ ਝਾਕੀਆਂ ਵਿੱਚ।

**ਨਿਸ਼ਕਰਸ** :-ਇਸ ਤਰ੍ਹਾਂ ਅਜਮੇਰ ਸਿੰਘ ਔਲਖ ਦੇ ਨਾਟਕਾਂ ਵਿੱਚ ਹਰ ਵਰਗ ਦੀ ਆਵਾਜ਼ ਸ਼ਾਮਲ ਹੈ ਤੇ ਉਨ੍ਹਾਂ ਦੇ ਹੱਕਾਂ ਦੀ ਗੱਲ ਕੀਤੀ ਗਈ ਹੈ ਉਨ੍ਹਾਂ ਦਾ ਜਨਮ ਪਿੰਡ ਵਿੱਚ ਹੋਇਆ, ਬਚਪਨ ਪਿੰਡ ਵਿੱਚ ਬੀਤੀਆਂ ਇਸ ਲਈ ਉਹ ਪਿੰਡਾਂ ਦੀਆਂ ਮੁਸ਼ਕਲਾਂ ਨੂੰ ਬਹੁਤ ਚੰਗੀ ਤਰ੍ਹਾਂ ਜਾਣਦੇ ਹੈ ਤੇ ਉਸੇ ਤਰ੍ਹਾਂ ਦੇ ਸਰਲ ਭਾਸ਼ਾ ਵਿੱਚ ਨਾਟਕ ਲਿਖੇ।

**ਹਵਾਲੇ /ਟਿੱਪਣੀਆਂ**

ਅਜਮੇਰ ਸਿੰਘ ਔਲਖ, ਸੱਤ ਬੇਗ਼ਾਨੇ, ਲੋਕਗੀਤ ਪ੍ਰਕਾਸ਼ਨ, ਸਰਹਿੰਦ।